੧ ਮਈ, 1999.



**ਵਿਚਾਰ-ਚਰਚਾ — ਗੁਰਸ਼ਰਨ ਸਿੰਘ**

# ਵਿਗੜੇ ਕਾਕੇ ਤੇ ਨਿਜ਼ਾਮ

ਗਾਂਧੀ ਜੀ ਨੇ ਇਕ ਥਾਂ ਕਿਹਾ ਸੀ ਕਿ ਦੌਲਤ ਦਾ ਹੋਛਾ ਵਿਖਾਵਾ ਇਨਸਾਨੀਅਤ ਦੇ ਵਿਰੁੱਧ ਇਕ ਜੁਰਮ ਹੈ ਅਤੇ ਇਹ ਜੁਰਮ ਕਿਸੇ ਸਭਿਆ ਸਮਾਜ ਵਿਚ ਬਰਦਾਸ਼ਤ ਨਹੀਂ ਹੋਣਾ ਚਾਹੀਦਾ। ਪਰ ਸਾਡੇ ਸਮਾਜ ਵਿਚ ਇਹ ਬਰਦਾਸ਼ਤ ਹੋ ਰਿਹਾ ਹੈ ਅਤੇ ਇਹ ਜੁਰਮ ਕਰਨ ਵਾਲਿਆਂ ਨੂੰ ਮਾਣ-ਸਨਮਾਨ ਵੀ ਮਿਲਦਾ ਹੈ। ਦਿੱਲੀ, ਚੰਡੀਗੜ੍ਹ ਵਿਚ ਇਹ ਹੋਛਾ ਵਿਖਾਵਾ ਵੱਡਿਆਂ ਕਾਕਿਆਂ ਵੱਲੋਂ ਸ਼ਰ੍ਹੇਆਮ ਹੋ ਰਿਹਾ ਹੈ। ਇਹ ਵੱਡੇ ਕੌਣ ਹਨ ? ਇਹ ਐਮ.ਐਲ.ਏ., ਐਮ.ਪੀ., ਸਾਬਕਾ ਮੰਤਰੀ, ਸਾਬਕਾ ਮੁੱਖ ਮੰਤਰੀ, ਸਾਬਕਾ ਕੇਂਦਰੀ ਮੰਤਰੀ ਹਨ। ਯਾਨੀ ਇਹ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ। ਇਹ ਚੁਣੇ ਹੋਏ ਨੁਮਾਇੰਦੇ ਜੇਕਰ ਆਪਣੇ ਪੁੱਤਰਾਂ-ਧੀਆਂ ਨੂੰ ਕਾਬੂ ਵਿਚ ਨਹੀਂ ਰੱਖ ਸਕਦੇ ਤਾਂ ਉਨ੍ਹਾਂ ਨੇ ਲੋਕਾਂ ਦਾ ਕੀ ਭਲਾ ਕਰਨਾ ਹੈ ? ਇਹ ਚੁਣੇ ਹੋਏ ਨੁਮਾਇੰਦੇ ਸਮਝਦੇ ਹਨ ਕਿ ਪੁਲਸ ਉਨ੍ਹਾਂ ਦੇ ਇਸ਼ਾਰੇ 'ਤੇ ਚਲਦੀ ਹੈ, ਇਸ ਲਈ ਉਨ੍ਹਾਂ ਦੇ ਕਾਕੇ-ਕਾਕੀਆਂ ਕੋਈ ਗਲਤੀ ਵੀ ਕਰਨਗੇ ਤਾਂ ਪੁਲਸ ਕਾਨੂੰਨ ਦੀ ਕੋਈ ਨਾ ਕੋਈ ਚੋਰ ਮੋਰੀ ਲੱਭ ਕੇ ਉਨ੍ਹਾਂ ਨੂੰ ਬਚਾ ਲਵੇਗੀ। ਕੁੱਝ ਦੇਰ ਅਖ਼ਬਾਰਾਂ ਵਿਚ ਰੌਲਾ ਪਵੇਗਾ ਅਤੇ ਫੇਰ ਚੁੱਪ ਹੋ ਜਾਵੇਗੀ।

ਮਰਹੂਮ ਬੇਅੰਤ ਸਿੰਘ ਦਾ ਪੋਤਰਾ ਕਾਤੀਆ ਕੇਸ ਵਿਚ ਬਰੀ ਹੋ ਗਿਆ। ਉਹਨੇ ਬਰੀ ਹੋ ਜਾਣਾ ਸੀ। ਇਸ ਨਿਜ਼ਾਮ ਦੀ ਥੋੜ੍ਹੀ ਜਿੰਨੀ ਵੀ ਸਮਝ ਰੱਖਣ ਵਾਲੇ ਲੋਕ ਪਹਿਲੇ ਦਿਨ ਤੋਂ ਹੀ ਇਹ ਜਾਣਦੇ ਸਨ। ਹੁਣ ਵਿਨੋਦ ਸ਼ਰਮਾ ਦਾ ਪੁੱਤਰ ਮਨੂੰ ਸ਼ਰਮਾ ਵੀ ਬਰੀ ਹੋ ਜਾਵੇਗਾ ਭਾਵੇਂ ਉਹਨੇ ਸ਼ਰ੍ਹੇਆਮ ਇਕ ਕੁੜੀ ਜੈਸਿਕਾ ਦਾ ਕਤਲ ਕਰ ਦਿੱਤਾ ਹੈ। ਚਸ਼ਮਦੀਦ ਗਵਾਹਾਂ ਦੇ ਬਿਆਨਾਂ ਵਿਚ ਕੋਈ ਨਾ ਕੋਈ ਚੋਰ ਮੋਰੀ ਲਭ ਹੀ ਜਾਏਗੀ। ਐਡਮੀਰਲ ਨੰਦਾ ਦਾ ਪੋਤਰਾ ਵੀ ਬਰੀ ਹੋ ਜਾਵੇਗਾ ਭਾਵੇਂ ਉਹਨੇ ਆਪਣੀ ਕਾਰ ਥੱਲੇ ਸੱਤ ਬੰਦਿਆਂ ਨੂੰ ਕੁਚਲ ਦਿੱਤਾ ਸੀ। ਉਨ੍ਹਾਂ ਸਾਰੇ ਕਾਕਿਆਂ ਨੇ ਜਿਹੜੇ ਜੁਰਮ ਕੀਤੇ ਹਨ, ਉਹ ਪਾਰਟੀਆਂ ਵਿਚ ਅੰਨੀ ਸ਼ਰਾਬ ਪੀ ਕੇ ਕੀਤੇ ਹਨ। ਇਨ੍ਹਾਂ ਦੇ ਨਾਲ ਹਮੇਸ਼ਾ ਗੁਮਾਸ਼ਤੇ ਕਿਸਮ ਦੇ ਦੋਸਤ ਹੁੰਦੇ ਹਨ। ਉਨ੍ਹਾਂ ਨੇ ਵੀ ਪੀਤੀ ਹੁੰਦੀ ਹੈ। ਪੁਲਸ ਵੱਲੋਂ ਪਹਿਲੇ ਉਹੀ ਪਕੜੇ ਜਾਂਦੇ ਹਨ। ਪੁੱਛ-ਗਿੱਛ ਦਾ ਪਹਿਲਾ ਜ਼ੁਲਮ ਉਹ ਸਹਿੰਦੇ ਹਨ ਤੇ ਇਸ ਤਰ੍ਹਾਂ ਮਾਲਕਾਂ ਦਾ ਲੂਣ ਹਰਾਮ ਨਹੀਂ ਕਰਦੇ, ਹਲਾਲ ਕਰਦੇ ਹਨ। ਅਸਲੀ ਕਾਕੇ ਜਦੋਂ ਫੜੇ ਜਾਂਦੇ ਹਨ ਤਾਂ ਉਸ ਵੇਲੇ ਤੱਕ ਭਾਰਤੀ ਪੁਲਸ ਨੇ ਆਪਣੀ ਸੂਰਮਗਤੀ ਜੋ ਵਿਖਾਣੀ ਹੁੰਦੀ ਹੈ ਉਹ ਇਹਨਾਂ ਗੁਮਾਸ਼ਤਿਆਂ ਨੂੰ ਵਿਖਾ ਚੁੱਕੀ ਹੁੰਦੀ ਹੈ। ਕਾਕਿਆਂ ਵੇਲੇ ਉਹ ਨਰਮ ਪੈ ਚੁੱਕੀ ਹੁੰਦੀ ਹੈ। ਉਨ੍ਹਾਂ ਨੂੰ ਇਹਦੇ ਬਾਰੇ ਹਦਾਇਤਾਂ ਵੀ ਮਿਲ ਚੁੱਕੀਆਂ ਹੁੰਦੀਆਂ ਹਨ। ਖਿਆਲ ਕਰਨਾ ਇਹ ਕਾਕੇ ਹਨ, ਸੋਹਲ ਹਨ। ਬਾਪ ਇਨ੍ਹਾਂ ਦਾ ਪਹਿਲੇ ਹੀ ਦਿਲ ਦੇ ਦੌਰੇ ਨਾਲ ਪੀ.ਜੀ.ਆਈ. ਦਾਖ਼ਲ ਹੈ। ਇਹ ਗੱਲ ਇਥੇ ਨੋ[illegible] ਵਾਲੀ ਹੈ ਕਿ ਜਿਸ ਮਨੂੰ ਸ਼ਰਮਾ ਨੇ ਜੈਸਿਕਾ ਲਾਲ ਦਾ ਕਤਲ ਕੀਤਾ ਹੈ, ਉਹ ਵਿਨੋਦ ਸ਼ਰਮਾ ਦਾ ਪੁੱਤਰ ਹੈ। ਉਹ ਚੰਡੀਗੜ੍ਹ ਦਾ ਕਾਂਗਰਸ ਕਮੇਟੀ ਦਾ ਪ੍ਰਧਾਨ ਹੈ ਅਤੇ ਸਾਬਕਾ ਕੇਂਦਰੀ ਮੰਤਰੀ ਵੀ ਰਿਹਾ ਹੈ। ਉਹਦਾ ਪੁੱਤਰ ਜਦੋਂ ਜਵਾਨੀ ਵਿਚ ਕਦਮ ਰੱਖ ਰਿਹਾ ਸੀ ਜਾਂ ਕਹਿ ਲਵੋ ਜਵਾਨ ਹੋ ਰਿਹਾ ਸੀ ਤਾਂ ਬਾਪ ਚੰਡੀਗੜ੍ਹ ਦਾ ਨੰਬਰ ਇਕ ਸ਼ਹਿਰੀ ਸੀ। ਉਹ ਪੁੱਤਰ ਬਾਪ ਦੀਆਂ ਸਾਰੀਆਂ ਸਿਆਸੀ ਚਾਲਾਂ ਦਾ ਨੇੜੇ ਦਾ ਦਰਸ਼ਕ ਸੀ। ਉਹ ਵੇਖਦਾ ਹੋਣਾ ਹੈ ਕਿ ਕਿਸ ਤਰ੍ਹਾਂ ਸਾਜਿਸ਼ਾਂ ਰਚੀਆਂ ਜਾਂਦੀਆਂ ਹਨ। ਵਿਰੋਧੀਆਂ ਨੂੰ ਕਿਸ ਤਰ੍ਹਾਂ ਗੁੱਠੇ ਲਾਇਆ ਜਾਂਦਾ ਹੈ। ਜਵਾਨ ਹੋ ਰਹੇ ਪੁੱਤਰ ਨੂੰ ਹੌਲੇ-ਹੌਲੇ ਇਹ ਲੱਗਣ ਲੱਗ ਪੈਂਦਾ ਹੈ ਜਾਂ ਯਕੀਨ ਹੋ ਜਾਂਦਾ ਹੈ ਕਿ ਇਖਲਾਕ ਨਾਂ ਦੀ ਕੋਈ ਚੀਜ਼ ਇਸ ਦੁਨੀਆ ਵਿਚ ਨਹੀਂ। ਇਸ ਲਈ ਖਾਓ-ਪੀਓ, ਐਸ਼ ਕਰੋ, ਕੁੜੀਆਂ ਨੂੰ ਛੇੜੋ, ਪਾਰਟੀਆਂ ਵਿਚ ਉਨ੍ਹਾਂ ਨੂੰ ਹਨ੍ਹੇਰੀਆਂ ਨੁੱਕਰਾਂ ਵਿਚ ਖਿੱਚ ਲਿਜਾਓ। ਬਾਪ ਨੇ ਕੁੱਝ ਕਹਿਣਾ ਨਹੀਂ ਕਿਉਂਕਿ ਉਹ ਵੀ ਤਾਂ ਇਹ ਸਭ ਕੁੱਝ ਕਰਦਾ ਹੈ, ਮਾਂ ਆਖੇਗੀ ਤਾਂ ਮੂੰਹ 'ਤੇ ਕਹਾਂਗਾ ਕਿ ਬਾਪੂ ਨੂੰ ਤਾਂ ਤੂੰ ਰੋਕ ਨਹੀਂ ਸਕਦੀ, ਮੈਨੂੰ ਕੀ ਆਖਦੀ ਏਂ ? ਸੋ ਦੋ ਕਿਸਮ ਦੇ ਜਰਾਇਮ ਪੇਸ਼ਾ ਲੋਕ ਇਸ ਸਮਾਜ ਵਿਚ ਪਲ ਰਹੇ ਹਨ। ਇਕ ਤਾਂ ਉਹ ਜਿਨ੍ਹਾਂ ਦਾ ਬਦਮਾਸ਼ੀ ਪੇਸ਼ਾ ਹੈ ਤੇ ਇਕ ਉਹ ਹਨ ਜਿਨ੍ਹਾਂ ਦਾ ਪੇਸ਼ਾ ਤਾਂ ਸਮਾਜ ਸੇਵਾ ਹੈ ਪਰ ਕਸਬ ਜਿਨ੍ਹਾਂ ਦਾ ਬਦਮਾਸ਼ੀ ਹੈ। ਇਹ ਦੂਜੀ ਕਿਸਮ ਦੇ ਬਦਮਾਸ਼ ਬਹੁਤੇ ਖ਼ਤਰਨਾਕ ਹਨ। ਲੋਕ ਆਵਾਜ਼ ਇਨ੍ਹਾਂ ਦੇ ਖਿਲਾਫ਼ ਉੱਠਣੀ ਚਾਹੀਦੀ ਹੈ। ਪਬਲਿਕ ਫੰਕਸ਼ਨਾਂ ਵਿਚ ਇਨ੍ਹਾਂ ਨੂੰ ਕਿਉਂ ਪ੍ਰਧਾਨਗੀ ਲਈ ਬੁਲਾਇਆ ਜਾਏ ? ਸਿਰਫ਼ ਇਸ ਲਈ ਕਿ ਇਹ 11,000/-ਦਾ ਫੰਡ ਦੇ ਸਕਦੇ ਹਨ। ਚੇਤਨ ਲੋਕਾਂ ਨੂੰ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਵਿਨੋਦ ਸ਼ਰਮਾ ਦਾ ਜ਼ਿਕਰ ਆਇਆ ਹੈ ਤਾਂ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਪ੍ਰਗਤੀਸ਼ੀਲ ਲੇਖਕ ਸੰਘ ਦੀ ਕਾਨਫਰੰਸ ਸਮੇਂ ਜਿਹੜੇ ਲੇਖਕ ਚੰਡੀਗੜ੍ਹ ਰਹੇ, ਉਨ੍ਹਾਂ ਨੇ ਵੱਡਿਆਂ ਵੱਲੋਂ ਦਿੱਤੇ ਲੰਚ ਅਤੇ ਡਿਨਰ ਖਾਧੇ ਹਨ। ਕਬੂਤਰ ਵਾਂਗ ਅੱਖਾਂ ਬੰਦ ਕਰਕੇ, ਕਿਸ ਤਰ੍ਹਾਂ ਵੱਡੇ ਉਨ੍ਹਾਂ ਦੀ ਇੱਜ਼ਤ ਤੇ ਮਾਣ ਕਰ ਰਹੇ ਹਨ। ਉਹ ਮਾਣ ਨਹੀਂ ਸੀ। ਸਾਨੂੰ ਪਹਿਚਾਣ ਕਰਨੀ ਚਾਹੀਦੀ ਸੀ ਬਾਬਾ ਨਾਨਕ ਜੇ ਮਲਕ ਭਾਗੋ ਦਾ ਮਾਲ, ਪੂੜਾ ਖਾ ਲੈਂਦਾਂ ਤਾ ਉਹ ਗੁਰੂ ਨਾਨਕ ਨਹੀਂ ਸੀ ਰਹਿਣਾ, ਇਤਿਹਾਸ ਇਹੋ ਤਾਂ ਸਾਡੀ ਖ਼ਬਰਦਾਰੀ ਕਰਦਾ ਹੈ। ਕਾਕੇ ਇਕ ਖਾਸ ਆਲੇ-ਦੁਆਲੇ ਵਿਚ ਪਲ ਕੇ ਵੱਡੇ ਹੁੰਦੇ ਹਨ। ਉਨ੍ਹਾਂ ਦੀ ਹਰ ਗ਼ਲਤੀ ਦੀ ਜ਼ਿੰਮੇਵਾਰੀ ਵੱਡਿਆਂ 'ਤੇ ਆਉਂਦੀ ਹੈ। ਜੁਰਮ ਭਾਵੇਂ ਮਨੂੰ ਸ਼ਰਮਾ ਨੇ ਕੀਤਾ ਹੈ, ਉਂਗਲ ਵਿਨੋਦ ਸ਼ਰਮਾ 'ਤੇ ਉੱਠਣੀ ਜ਼ਰੂਰੀ ਹੈ। ਇਸ ਭ੍ਰਿਸ਼ਟ ਨਿਜ਼ਾਮ ਤੇ ਉਠਾਣੀ ਲਾਜ਼ਮੀ ਹੈ। ਇਹ ਸਮੇਂ ਦਾ ਤਕਾਜ਼ਾ ਹੈ।